**Guru Nanak Dev University, Amritsar**
(Established by the State Legislature Act No.21 of 1969)
Accredited at "A" grade level by NAAC and awarded
"University with Potential for Excellence" status by UGC
**(Registration Branch)**

Ph : 0183-2258802-09
0183-2450601-14
Ext. : 3017

ਨੰਬਰ 1183
ਮਿਤੀ 18-08-2023

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਆਰਟਸ/
ਸਾਇੰਸ/ਸੋਸ਼ਲ ਸਾਇੰਸਜ਼/ /ਐਜੂਕੇਸ਼ਨ/ਲਾਅ ਕਾਲਜਾਂ,
ਕਾਂਸਟੀਚਿਊਟ ਕਾਲਜਾਂ/ਯੂਨੀਵਰਸਿਟੀ ਕਾਲਜਾਂ
ਦੇ ਓ.ਐਸ.ਡੀ /ਪ੍ਰਿੰਸੀਪਲ ਸਾਹਿਬਾਨ।

ਵਿਸ਼ਾ: ਅਕਾਦਮਿਕ ਸਾਲ 2023-24 ਲਈ ਸਾਲਾਨਾ/ਸਿਮੈਸਟਰ ਪ੍ਰਣਾਲੀ ਅਧੀਨ ਅੰਡਰ ਗ੍ਰੈਜੂਏਟ-ਸਿਮੈਸਟਰ ਪਹਿਲਾ ਦੀਆਂ ਰਿਟਰਨਾਂ /ਫੀਸਾਂ ਜਮ੍ਹਾਂ ਕਰਵਾਉਣ ਲਈ **Revised** ਸ਼ਡਿਊਲ ਸਬੰਧੀ ਸੂਚਨਾ।

ਸ਼੍ਰੀਮਾਨ/ਮੈਡਮ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਆਰਟਸ, ਸਾਇੰਸ, ਸ਼ੋਸ਼ਲ ਸਾਇੰਸਜ਼ ਕਾਲਜਾਂ, ਕਾਂਸਟੀਚਿਊਟ ਕਾਲਜਾਂ ਅਤੇ ਯੂਨੀਵਰਸਿਟੀ ਕਾਲਜਾਂ, ਐਜੂਕੇਸ਼ਨਲ ਕਾਲਜਾਂ, ਲਾਅ ਕਾਲਜਾਂ (Except B.Ed. Sem-1st, Law FYIC/TYC Sem-1st) ਲਈ ਅਕਾਦਮਿਕ ਸਾਲ 2023-24 ਲਈ ਸਾਲਾਨਾਂ/ਸਿਮੈਸਟਰ ਪ੍ਰਣਾਲੀ ਅਧੀਨ **ਅੰਡਰ ਗ੍ਰੈਜੂਏਟ ਕਲਾਸਾਂ, ਕੇਵਲ ਸਿਮੈਸਟਰ ਪਹਿਲਾ** ਵਿਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀਆਂ ਯੂਨੀਵਰਸਿਟੀ ਵਿਚ ਆਨਲਾਈਨ ਰਿਟਰਨਾਂ / ਫੀਸਾਂ ਜਮ੍ਹਾਂ ਕਰਵਾਉਣ ਲਈ ਸ਼ਡਿਊਲ ਵਿਚ ਹੇਠ ਲਿਖੇ ਅਨੁਸਾਰ Revise ਕੀਤਾ ਗਿਆ ਹੈ:-

| ਲੜੀ ਨੰ: | ਦਾਖਲੇ ਦੀਆਂ ਮਿਤੀਆਂ | | (ਪਹਿਲਾ ਜਾਰੀ ਸ਼ਡਿਊਲ ਅਨੁਸਾਰ) ਕਾਲਜਾਂ ਵਲੋਂ ਯੂਨੀਵਰਸਿਟੀ ਪੋਰਟਲ ਤੇ ਰਿਟਰਨਾਂ/ਫੀਸਾਂ ਜਮਾਂ ਕਰਵਾਉਣ ਦੀਆਂ ਮਿਤੀਆਂ | (ਸ਼ਡਿਊਲ **Revise** ਕਰਨ ਉਪਰੰਤ) ਕਾਲਜਾਂ ਵਲੋਂ ਯੂਨੀਵਰਸਿਟੀ ਪੋਰਟਲ ਤੇ ਰਿਟਰਨਾਂ/ਫੀਸਾਂ ਜਮਾਂ ਕਰਵਾਉਣ ਦੀਆਂ ਮਿਤੀਆਂ |
|---|---|---|---|---|
| 1. | Normal dates of Admission | 14-08-2023 ਤੱਕ | 21-08-2023 | **28-08-2023** |
| 2. | With the late fee of Rs.100/- (With the approval of the Principal) | 15-08-2023 ਤੋਂ 21-08-2023 ਤੱਕ | 28-08-2023 | **28-08-2023** |
| 3. | With the late fee of Rs.200/- (With the approval of DAA) | 22-08-2023 ਤੋਂ 28-08-2023 ਤੱਕ | 01-09-2023 | 01-09-2023 |
| 4. | With the late fee of Rs.1000/- (With the approval of Vice Chancellor) | 29-08-2023 ਤੋਂ 04-09-2023 ਤੱਕ | 08-09-2023 | 08-09-2023 |
| 5. | With the late fee of Rs.5000/- (With the approval of Vice Chancellor) | 05-09-2023 ਤੋਂ 19-09-2023 ਤੱਕ | 22-09-2023 | 22-09-2023 |
| | ਉਪਰੋਕਤ ਲੜੀ ਨੰ.(1) ਤੋਂ (5) ਤੱਕ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਲੰਘ ਜਾਣ ਉਪਰੰਤ ਵਿਦਿਆਰਥੀਆਂ ਕੋਲੋਂ 5000/- ਰੁਪਏ ਲੇਟ ਫੀਸ + 1000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵੱਧ ਤੋਂ ਵੱਧ 30,000/- ਰੁਪਏ ਉਸੇ ਸਿਮੈਸਟਰ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦੀ ਮਿਤੀ ਤੋਂ 20 ਦਿਨ ਪਹਿਲਾਂ ਤੱਕ ਬਣਦੇ ਜੁਰਮਾਨੇ ਨਾਲ ਦਾਖਲਾ ਫੀਸ ਲਈ ਜਾਵੇਗੀ ਅਤੇ ਅਜਿਹੇ ਕੇਸਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਆਪਣੇ ਪ੍ਰੀਖਿਆ ਫਾਰਮ ਜਮਾਂ ਕਰਨ ਅਤੇ ਹੋਰ ਸਬੰਧਤ ਲੋੜੀਂਦੀਆਂ formalities ਪੂਰੀਆਂ ਕਰਨੀਆਂ ਜਰੂਰੀ ਹੋਣਗੀਆਂ। | | | |

ਇਸ ਲਈ ਆਪ ਨੂੰ ਬੇਨਤੀ ਹੈ ਕਿ ਆਪਣੇ-ਆਪਣੇ ਕਾਲਜਾਂ ਵਿੱਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀ ਰਿਟਰਨਾਂ / ਫੀਸਾਂ ਸਬੰਧੀ ਲੋੜੀਂਦੀ ਕਾਰਵਾਈ ਉਪਰੋਕਤ Revised ਸ਼ਡਿਊਲ ਮੁਤਾਬਕ ਹੀ ਕੀਤੀ ਜਾਵੇ।

ਚਲਦਾ ਪੰਨਾ....2

ਨੋਟ:- ਸਾਰੇ ਸਬੰਧਤ ਕਾਲਜ/ਵਿਭਾਗ/ਸੰਸਥਾਵਾਂ ਸਿਰਫ ਯੂਨੀਵਰਸਿਟੀ ਨਿਯਮਾਂ ਅਨੁਸਾਰ, ਯੋਗ ਵਿਦਿਆਰਥੀਆਂ ਨੂੰ ਹੀ ਦਾਖਲ ਕਰਨ ਅਤੇ ਜੇਕਰ ਕੋਈ ਕਾਲਜ/ਵਿਭਾਗ/ਸੰਸਥਾ ਕਿਸੇ ਅਯੋਗ ਵਿਦਿਆਰਥੀ(ਆਂ) ਨੂੰ ਦਾਖਲ ਕਰਦੇ ਹਨ ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤ ਕਾਲਜ/ਵਿਭਾਗ/ਸੰਸਥਾ ਦੀ ਹੋਵੇਗੀ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਦਿਆਰਥੀ ਦਾ ਦਾਖਲਾ ਯੂਨੀਵਰਸਿਟੀ ਵਲੋਂ ਰੱਦ ਹੋਣ ਕਾਰਨ ਕਿਸੇ ਤਰ੍ਹਾਂ ਦੇ ਕੋਰਟ ਕੇਸ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੀ ਭਰਪਾਈ ਸਬੰਧਤ ਕਾਲਜ/ਵਿਭਾਗ/ਸੰਸਥਾ ਤੋਂ ਕੀਤੀ ਜਾਵੇਗੀ ਅਤੇ ਯੂਨੀਵਰਸਿਟੀ ਵਲੋਂ ਸਬੰਧਤ ਕਾਲਜ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ।

18.8.23

ਸਹਾਇਕ ਰਜਿਸਟਰਾਰ (ਰਜਿਸਟ੍ਰੇਸ਼ਨ)

ਮਿਤੀ 18-08-2023

ਪਿੱਠ ਅੰਕਣ ਨੰਬਰ 1184-1200

ਇਸ ਪੱਤਰ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :

1. ਡੀਨ, ਕਾਲਜ ਵਿਕਾਸ ਕੌਂਸਲ
2. ਉਪ-ਰਜਿਸਟਰਾਰ ਵਿੱਤ
3. ਸਿਸਟਮ ਐਡਮਨਿਸਟ੍ਰੇਟਰ (ਕੰਪਿਊਟਰ ਸੈਕਸ਼ਨ(ਪ੍ਰੀਖਿਆਵਾਂ))
4. ਸਿਸਟਮ ਐਡਮਨਿਸਟ੍ਰੇਟਰ (ਲੇਖਾ ਸ਼ਾਖਾ)
5. ਪ੍ਰੋਫੈਸਰ ਇੰਚਾਰਜ, ਲੋਕ ਸੰਪਰਕ ਵਿਭਾਗ
6. ਡਿਪਟੀ ਕੰਟਰੋਲਰ (ਲੋਕਲ ਆਡਿਟ)
7. ਸਕੱਤਰ, ਉਪ-ਕੁਲਪਤੀ ਜੀ
8. ਨਿੱਜੀ ਸਹਾਇਕ, ਡੀਨ ਵਿਦਿਅਕ ਮਾਮਲੇ
9. ਨਿੱਜੀ ਸਹਾਇਕ, ਰਜਿਸਟਰਾਰ
10. ਨਿੱਜੀ ਸਹਾਇਕ, ਡੀਨ ਵਿਦਿਆਰਥੀ ਭਲਾਈ
11. ਨਿੱਜੀ ਸਹਾਇਕ, ਡੀਨ ਕਾਲਜ ਵਿਕਾਸ ਕੌਂਸਲ
12. ਨਿੱਜੀ ਸਹਾਇਕ, ਡੀਨ ਐਜੂਕੇਸ਼ਨ ਵਿਭਾਗ
13. ਨਿੱਜੀ ਸਹਾਇਕ, ਡਾਇਰੈਕਟਰ ਰਿਸਰਚ
14. ਨਿੱਜੀ ਸਹਾਇਕ, ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
15. ਨਿੱਜੀ ਸਹਾਇਕ, ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)
16. ਨਿਗਰਾਨ (ਕਾਰਜ ਸੰਚਾਲਨ ਸ਼ਾਖਾ)

18.8.2023

ਸਹਾਇਕ ਰਜਿਸਟਰਾਰ (ਰਜਿਸਟ੍ਰੇਸ਼ਨ)
ਵਾਸਤੇ ਪ੍ਰੋਫੈਸਰ ਇੰਚਾਰਜ(ਪ੍ਰੀਖਿਆਵਾਂ)